

## ਜ਼ਿਲ੍ਹਾ ਖ਼ੁਰਾਕ ਅਤੇ ਸਪਲਾਈ ਕੰਟਰੋਲਰ

ਖੁਰਾਕ ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਵਿਭਾਗ ਪੰਜਾਬ ਸਰਕਾਰ ਦਾ ਇੱਕ ਅਹਿਮ ਵਿਭਾਗ ਹੈ, ਜਿਹੜਾ ਸਰਕਾਰ ਦੇ ਮੁੱਖ ਮੰਤਵ (1) ਲੋਕਾਂ ਨੂੰ ਮਿੱਥੇ ਭਾਅ ਤੇ ਮਿੱਥੀ ਮਿਕਦਾਰ ਵਿੱਚ ਸਰਕਾਰੀ ਨੀਤੀ ਅਨੁਸਾਰ ਵਿਭਾਗ ਵਲੋਂ ਰਾਸ਼ਨ ਕਾਰਡਾਂ ਤੇ ਜ਼ਰੂਰੀ ਵਸਤਾਂ ਦੀ ਵੰਡ ਕਰਵਾਉਣੀ। (2) ਕਣਕ ਅਤੇ ਝੋਨੇ ਦੀ ਸਰਕਾਰੀ ਖਰੀਦ ਕਰਨੀ/ਕਰਵਾਉਣ ਉਪਰੰਤ ਖਰੀਦ ਕੀਤੇ ਝੋਨੇ ਦੀ ਕਸਟਮ ਮੀਲਿੰਗ ਕਰਵਾ ਕੇ ਕੇਂਦਰੀ ਪੂਲ ਵਿੱਚ ਚਾਵਲ ਦੇਣਾ, ਵੰਡ ਪ੍ਰਣਾਲੀ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਵਿਭਾਗ ਦੇ ਜ਼ਿਲ੍ਹਾ ਪੱਧਰ ਤੇ ਜ਼ਿਲ੍ਹਾ ਕੰਟਰੋਲ, ਤਹਿਸੀਲ ਪੱਧਰ ਤੇ ਖੁਰਾਕ ਤੇ ਸਪਲਾਈ ਅਫ਼ਸਰ ਅਤੇ ਬਲਾਕ ਪੱਧਰ ਤੇ ਸਹਾਇਕ ਖੁਰਾਕ ਅਤੇ ਸਪਲਾਈ ਅਫ਼ਸਰ ਹਨ। ਇਸ ਤੋਂ ਇਲਾਵਾ ਵਿਭਾਗੀ ਕਾਰਜਸ਼ੀਲਤਾ ਨੂੰ ਵਧੇਰੇ ਕੁਸ਼ਲ ਬਣਾਉਣ ਲਈ ਗਰਾਸ ਰੂਟ ਲੈਵਲ ਤੇ ਇੰਸਪੈਕਟਰਾਂ ਰਾਹੀਂ ਕੰਮ ਨੇਪਰੇ ਚਾੜ੍ਹਿਆ ਜਾਂਦਾ ਹੈ।

ਇਸ ਸਮੇਂ ਸਰਕਾਰ ਵਲੋਂ ਖਪਤਕਾਰ ਵਰਗ ਲਈ ਹੇਠ ਦਰਜ ਯੋਜਨਾਵਾਂ ਤਹਿਤ ਜ਼ਰੂਰੀ ਵਸਤਾਂ ਦੀ ਵੰਡ, ਲੋਕ ਵੰਡ ਪ੍ਰਣਾਲੀ ਅਧੀਨ ਕਰਵਾਈ ਜਾ ਰਹੀ ਹੈ।

ਅੰਨਤੋਦਿਆਂ ਪਰਿਵਾਰ ਅਤੇ ਗਰੀਬੀ ਰੇਖਾ ਤੋਂ ਹੇਠ (ਭਾਵ ਬੀ.ਪੀ.ਐਲ.) ਪਰਿਵਾਰਾਂ ਦੀ ਸ਼ਨਾਖ਼ਤ ਸਰਕਾਰੀ ਨੀਤੀ ਅਨੁਸਾਰ ਪੇਂਡੂ ਖੇਤਰ ਵਿੱਚ ਬੀ.ਡੀ.ਪੀ.ਓ. ਅਤੇ ਸ਼ਹਿਰੀ ਖੇਤਰ ਵਿੱਚ ਮਿਉਂਸੀਪਲ ਕੌਂਸਲ ਦੇ ਈ.ਓ. ਰਾਹੀਂ ਕੀਤੀ ਜਾਂਦੀ ਹੈ।

**1. ਅੰਨਤੋਦਿਆਂ ਅੰਨ ਯੋਜਨਾ**

ਹਰ ਅੰਨਤੋਦਿਆਂ ਪਰਿਵਾਰ (ਗਰੀਬਾਂ ਵਿਚੋਂ ਗਰੀਬ) ਨੂੰ 2/- ਰੁਪਏ ਪ੍ਰਤੀ ਕਿਲੋ ਦੀ ਦਰ ਨਾਲ 35 ਕਿਲੋ ਕਣਕ ਪ੍ਰਤੀ ਰਾਸ਼ਨ ਕਾਰਡ ਜਾਰੀ ਕੀਤੀ ਜਾਂਦੀ ਹੈ।

**2. ਟੀ.ਪੀ.ਡੀ./ਬੀ.ਪੀ.ਐਲ. ਅੰਨ ਯੋਜਨਾ**

ਇਸ ਯੋਜਨਾ ਤਹਿਤ ਹਰ ਗਰੀਬੀ ਰੇਖਾ ਤੋਂ ਹੇਠ ਰਹਿ ਰਹੇ ਪਰਿਵਾਰਾਂ ਲਈ 35 ਕਿਲੋ ਕਣਕ ਪ੍ਰਤੀ ਰਾਸ਼ਨ ਕਾਰਡ 4.27 ਰੁਪਏ ਪ੍ਰਤੀ ਕਿਲੋ ਦੀ ਦਰ ਨਾਲ ਪ੍ਰਤੀ ਮਹੀਨਾ ਜਾਰੀ ਕੀਤੀ ਜਾਂਦੀ ਹੈ।

**3. ਏ.ਪੀ.ਐਲ. ਅੰਨ ਯੋਜਨਾ**

ਇਸ ਯੋਜਨਾ (ਭਾਵ ਗਰੀਬੀ ਰੇਖਾ ਤੋਂ ਉਪਰ) ਪਰਿਵਾਰਾਂ ਲਈ 35 ਕਿਲੋ ਕਣਕ ਪ੍ਰਤੀ ਰਾਸ਼ਨ ਕਾਰਡ 5.22 ਰੁਪਏ ਅੱਧਾ ਕਿਲੋ ਪ੍ਰਤੀ ਮਹੀਨਾ ਜਾਰੀ ਕੀਤੀ ਜਾਂਦੀ ਹੈ।

**ਜ਼ਰੂਰੀ ਵਸਤਾਂ ਦੀ ਵੰਡ**

ਜ਼ਿਲ੍ਹਾ ਹੁਸ਼ਿਆਰਪੁਰ ਦੇ ਲੋਕਾਂ ਨੂੰ ਜ਼ਰੂਰੀ ਵਸਤਾਂ ਦੀ ਸਪਲਾਈ ਯਕੀਨੀ ਬਨਾਉਣ ਲਈ ਜ਼ਿਲ੍ਹੇ ਭਰ ਵਿੱਚ ਸਰਕਾਰੀ ਰਾਸ਼ਨ ਦੀਆਂ ਦੁਕਾਨਾਂ (ਡਿਪੂ) ਖੋਲੀਆਂ ਗਈਆਂ ਹਨ। ਇਸ ਸਮੇਂ ਸਰਕਾਰੀ ਰਾਸ਼ਨ ਦੀਆਂ ਦੁਕਾਨਾਂ (ਡਿਪੂਆਂ) ਰਾਹੀਂ ਖੰਡ, ਮਿੱਟੀ ਦਾ ਤੇਲ, ਕਣਕ ਦਿੱਤੀ ਜਾ ਰਹੀ ਹੈ।

**ਰਾਸ਼ਨ ਕਾਰਡ ਬਨਾਉਣ ਦੀ ਜਾਣਕਾਰੀ**

| | | |
|---|---|---|
| (ੳ) | ਪਾਤਰਤਾ | ਇਲਾਕੇ ਦਾ ਹਰ ਇੱਕ ਨਿਵਾਸੀ |
| (ਅ) | ਰਾਸ਼ਨ ਕਾਰਡ ਕਿਥੋਂ ਮਿਲੇਗਾ | ਜ਼ਿਲਾ ਖੁਰਾਕ ਤੇ ਸਪਲਾਈ ਕੰਟਰੋਲਰ/ਜ਼ਿਲਾ ਖੁਰਾਕ ਤੇ ਸਪਲਾਈ ਅਫ਼ਸਰ/ਸਹਾਇਕ ਖੁਰਾਕ ਤੇ |

ਸਪਲਾਈ ਅਫ਼ਸਰ

**ਸਮਰੱਥ ਅਧਿਕਾਰੀ ਕੌਣ ਹੈ ?**

| | | |
|---|---|---|
| (ੳ) | ਜ਼ਿਲ੍ਹਾ ਦਫ਼ਤਰ ਨਗਰ ਕੌਂਸਲ ਦੇ ਖੇਤਰ ਵਿੱਚ | ਜ਼ਿਲ੍ਹਾ ਖੁਰਾਕ ਤੇ ਸਪਲਾਈ ਕੰਟਰੋਲਰ/ਸਹਾਇਕ ਖੁਰਾਕ ਤੇ ਸਪਲਾਈ ਅਫ਼ਸਰ |
| (ਅ) | ਬਾਕੀ ਨਗਰ ਕੌਂਸਲ ਖੇਤਰਾਂ ਵਿੱਚ | ਸਹਾਇਕ ਖੁਰਾਕ ਤੇ ਸਪਲਾਈ ਅਫ਼ਸਰ |

**ਰਾਸ਼ਨ ਕਾਰਡ ਬਨਾਉਣ ਲਈ ਲੋੜੀਂਦੇ ਦਸਤਾਵੇਜ਼ਾਂ ਦੀ ਜਾਣਕਾਰੀ**

| | | |
|---|---|---|
| 1. | ਬਿਨੈ ਪੱਤਰ ਦੇ ਨਾਲ ਕਿਹੜੀਆਂ ਸੂਚਨਾਵਾਂ ਚਾਹੀਦੀਆਂ ਹਨ | 1. ਨਿਵਾਸੀ ਦਾ ਪਤਾ, ਪਰਿਵਾਰ ਦੇ ਮੈਂਬਰਾਂ ਦੀ ਗਿਣਤੀ, ਉਮਰ ਅਤੇ ਰਾਸ਼ਨ ਕਾਰਡ ਬਨਾਉਣ ਦਾ ਕਾਰਨ<br>2. ਪੁਰਾਣਾ ਰਾਸ਼ਨ ਕਾਰਡ ਜਮ੍ਹਾਂ ਕਰਵਾਉਣ ਦਾ ਸਿਰੰਡਰ ਸਰਟੀਫਿਕੇਟ/ਡਲੀਸ਼ਨ ਸਰਟੀਫਿਕੇਟ<br>3. ਪਰਿਵਾਰ ਦੀਆਂ ਤਿੰਨ ਫੋਟੋਆਂ |
| 2. | ਕਾਰਡ ਦਾ ਸਮਾਂ | ਪੰਜ ਸਾਲ ਲਈ ਅਤੇ ਫਾਰਮ ਦਫ਼ਤਰ ਤੋਂ ਮੁਫ਼ਤ ਮਿਲਦੇ ਹਨ। |

**ਰਿਹਾਇਸ਼ ਤਬਦੀਲ ਕਰਨ ਉਪਰੰਤ ਕੀ ਕੀਤਾ ਜਾਵੇ**

ਰਾਸ਼ਨ ਕਾਰਡ ਹੋਲਡਰ ਨੂੰ ਆਪਣੀ ਰਿਹਾਇਸ਼ ਤਬਦੀਲ ਕਰਨ ਉਪਰੰਤ ਆਪਣਾ ਰਾਸ਼ਨ ਕਾਰਡ ਜਮ੍ਹਾਂ ਕਰਵਾ ਕੇ ਸਿਰੰਡਰ ਸਰਟੀਫਿਕੇਟ/ਡਲੀਸ਼ਨ ਸਰਟੀਫਿਕੇਟ ਪ੍ਰਾਪਤ ਕਰਨਾ ਚਾਹੀਦਾ ਹੈ।

**ਅਸਥਾਈ ਰਾਸ਼ਨ ਕਾਰਡ ਬਨਾਉਣਾ**

ਰਾਜ ਤੋਂ ਬਾਹਰ ਦੂਜੇ ਪ੍ਰਾਂਤਾਂ ਤੋਂ ਆਉਣ ਵਾਲੇ ਪ੍ਰਵਾਸੀ ਮਜ਼ਦੂਰਾਂ, ਸਨਅਤੀ ਕਾਮਿਆਂ ਅਤੇ ਗਰੀਬ ਲੋਕਾਂ ਦੇ ਰਾਸ਼ਨ ਕਾਰਡ ਤਿੰਨ ਮਹੀਨੇ ਦੇ ਸਮੇਂ ਲਈ ਆਰਜ਼ੀ ਤੌਰ ਤੇ ਬਣਾਏ ਜਾਂਦੇ ਹਨ ਅਤੇ ਜੇਕਰ ਉਹ ਤਿੰਨ ਮਹੀਨੇ ਦੇ ਸਮੇਂ ਅੰਦਰ ਸਿਰੰਡਰ ਸਰਟੀਫਿਕੇਟ ਪੇਸ਼ ਨਹੀਂ ਕਰਦੇ ਤਾਂ, ਉਹਨਾਂ ਨੂੰ ਤਿੰਨ ਮਹੀਨੇ ਦਾ ਹੋਰ ਸਮਾਂ ਦਿੱਤਾ ਜਾਂਦਾ ਹੈ ਅਤੇ ਜੇਕਰ ਛੇ ਮਹੀਨੇ ਦੇ ਸਮੇਂ ਅੰਦਰ ਉਹ ਸਿਰੰਡਰ ਸਰਟੀਫਿਕੇਟ ਪੇਸ਼ ਨਹੀਂ ਕਰਦੇ ਤਾਂ ਉਹਨਾਂ ਦੇ ਰਾਸ਼ਨ ਕਾਰਡ ਕੈਂਸਲ ਕਰ ਦਿੱਤੇ ਜਾਂਦੇ ਹਨ।

*ਨੋਟ— ਡੁਪਲੀਕੇਟ ਰਾਸ਼ਨ ਕਾਰਡ ਬਨਾਉਣ ਜਾਂ ਰਾਸ਼ਨ ਕਾਰਡ ਬਦਲਣ ਲਈ ਪ੍ਰਤੀ ਬੇਨਤੀ ਨਾਲ ਸੰਬੰਧਤ ਵਿਅਕਤੀ ਪੰਜ ਰੁਪਏ ਜਮ੍ਹਾਂ ਕਰਵਾਉਣ ਉਪਰੰਤ ਉਸ ਦੀ ਪ੍ਰਤੀ ਬੇਨਤੀ ਸਵੀਕਾਰ ਕੀਤੀ ਜਾਂਦੀ ਹੈ।*

**ਰਾਸ਼ਨ ਕਾਰਡ ਵਿੱਚ ਤਬਦੀਲੀ ਦੀ ਪ੍ਰਕਿਰਿਆ**

| ਲੜੀ ਨੰ. | ਵੇਰਵਾ | ਕਿਸ ਨੂੰ ਬਿਨੈ ਕੀਤੀ ਜਾਵੇ | ਜ਼ਰੂਰੀ ਪ੍ਰਮਾਣ ਪੱਤਰ |
|---|---|---|---|
| 1. | ਪਤੇ ਵਿੱਚ ਤਬਦੀਲੀ | ਸਹਾਇਕ ਖੁਰਾਕ ਤੇ ਸਪਲਾਈ ਅਫ਼ਸਰ | ਨਿਰਧਾਰਤ ਬਿਨੈ ਪੱਤਰ ਵਿੱਚ ਰਿਹਾਇਸ਼ ਦਾ ਪਰੂਫ਼ |
| 2. | ਰਾਸ਼ਨ ਕਾਰਡ ਸਰੰਡਰ ਕਰਨਾ | ਸਹਾਇਕ ਖੁਰਾਕ ਤੇ ਸਪਲਾਈ ਅਫ਼ਸਰ | |
| 3. | ਮੈਂਬਰਾਂ ਦੀ ਗਿਣਤੀ ਵਿੱਚ ਤਬਦੀਲੀ | ਸਹਾਇਕ ਖੁਰਾਕ ਤੇ ਸਪਲਾਈ ਅਫ਼ਸਰ | ਨਿਰਧਾਰਤ ਬਿਨੈ ਪੱਤਰ ਦੇ ਨਾਲ ਤਬਦੀਲੀ ਦਾ ਸਬੂਤ ਜਿਵੇਂ ਕਿ ਵਿਆਹ/ਨਿਯੁਕਤੀ ਪੱਤਰ ਜਾਂ ਬਦਲੀ ਦੇ ਹੁਕਮ ਅਤੇ ਜਨਮ ਮੌਤ ਦਾ |

**ਰਾਸ਼ਨ ਕਾਰਡ ਬਨਾਉਣ ਵਿੱਚ ਕਿਹੜੇ-ਕਿਹੜੇ ਕੰਮਾਂ ਵਿੱਚ ਕਿੰਨਾਂ ਸਮਾਂ**

| ਲੜੀ ਨੰ. | ਕੰਮ | ਸਮਾਂ | ਕਿੱਥੇ ਸ਼ਿਕਾਇਤ ਕੀਤੀ ਜਾਵੇ |
|---|---|---|---|
| 1. | ਨਵਾਂ ਰਾਸ਼ਨ ਕਾਰਡ ਬਨਾਉਣਾ (ਬਿਨੈ ਪੱਤਰ ਪ੍ਰਾਪਤ ਹੋਣ ਤੋਂ ਬਾਅਦ) | 7 ਦਿਨ | ਜ਼ਿਲ੍ਹਾ ਖੁਰਾਕ ਤੇ ਸਪਲਾਈ ਕੰਟਰੋਲਰ |
| 2. | ਕਾਰਡ ਵਿੱਚ ਯੂਨਿਟ ਦੀ ਤਬਦੀਲੀ | 7 ਦਿਨ | ਜ਼ਿਲ੍ਹਾ ਖੁਰਾਕ ਤੇ ਸਪਲਾਈ ਕੰਟਰੋਲਰ |
| 3. | ਪਤੇ ਵਿੱਚ ਤਬਦੀਲੀ (ਉਸੇ ਖੇਤਰ ਵਿੱਚ) | 7 ਦਿਨ | ਜ਼ਿਲ੍ਹਾ ਖੁਰਾਕ ਤੇ ਸਪਲਾਈ ਕੰਟਰੋਲਰ |
| 4. | ਪਤੇ ਵਿੱਚ ਤਬਦੀਲੀ (ਦੁਕਾਨ ਖੇਤਰ ਤਬਦੀਲ ਕਰਨ ਵਿੱਚ) | 7 ਦਿਨ | ਜ਼ਿਲ੍ਹਾ ਖੁਰਾਕ ਤੇ ਸਪਲਾਈ ਕੰਟਰੋਲਰ |
| 5. | ਸਰੰਡਰ ਸਰਟੀਫਿਕੇਟ ਪ੍ਰਾਪਤ ਕਰਨਾ | 7 ਦਿਨ | ਜ਼ਿਲ੍ਹਾ ਖੁਰਾਕ ਤੇ ਸਪਲਾਈ ਕੰਟਰੋਲਰ |
| 6. | ਸਰੰਡਰ ਸਰਟੀਫਿਕੇਟ ਪ੍ਰਾਪਤ ਹੋਣ ਉਪਰੰਤ ਰਾਸ਼ਨ ਕਾਰਡ ਬਨਾਉਣਾ | 7 ਦਿਨ | ਜ਼ਿਲ੍ਹਾ ਖੁਰਾਕ ਤੇ ਸਪਲਾਈ ਕੰਟਰੋਲਰ |
| 7. | ਡੁਪਲੀਕੇਟ ਰਾਸ਼ਨ ਕਾਰਡ ਬਨਾਉਣਾ | 7 ਦਿਨ | ਜ਼ਿਲ੍ਹਾ ਖੁਰਾਕ ਤੇ ਸਪਲਾਈ ਕੰਟਰੋਲਰ |

**ਸਸਤੇ ਭਾਅ ਦੀਆਂ ਦੁਕਾਨਾਂ ਦੀ ਅਲਾਟਮੈਂਟ ਸਬੰਧੀ ਸੂਚਨਾ**

| | | |
|---|---|---|
| 1. | ਪਾਤਰਤਾ | ਉਸ ਇਲਾਕੇ ਦਾ ਪੱਕਾ ਨਿਵਾਸੀ |
| 2. | ਤਰਜੀਹ/ਰਿਜ਼ਰਵੇਸ਼ਨ | ਅਨੁਸੂਚਿਤ ਜਾਤੀਆਂ ਲਈ 13%, ਪਛੜੀਆਂ ਸ਼੍ਰੇਣੀਆਂ ਲਈ 5%, ਸਾਬਕਾ ਫੌਜੀਆਂ ਲਈ 7%, ਸੁਤੰਤਰਤਾ ਸੰਗਰਾਮੀਆਂ ਲਈ 5%, ਅੰਗਹੀਣਾਂ ਲਈ 3%, ਦੰਗਾ ਪੀੜਤ/ਅੱਤਵਾਦ ਤੋਂ ਪਰਭਾਵਤ ਪਰਿਵਾਰਾਂ ਲਈ 5% ਅਤੇ ਇਸਤਰੀਆਂ ਦੀਆਂ ਵਲੰਟੀਅਰ ਸੰਸਥਾਵਾਂ ਲਈ 2% ਰਿਜ਼ਰਵੇਸ਼ਨ ਕੀਤੀ ਗਈ ਹੈ। |
| 3. | ਕਿਸ ਵੇਲੇ ਅਲਾਟਮੈਂਟ ਲਈ ਬਿਨੈ ਪੱਤਰ ਕੀਤੀ ਜਾਵੇ | ਸਸਤੇ ਭਾਅ ਦੀ ਦੁਕਾਨ ਲਈ ਵਕੈਂਸੀ ਉਪਲੱਬਧ ਹੋਣ ਤੇ |
| 4. | ਬਿਨੈ ਕਿਸ ਨੂੰ ਕੀਤੀ ਜਾਵੇ | ਸਬੰਧਿਤ ਜ਼ਿਲ੍ਹਾ ਖੁਰਾਕ ਤੇ ਸਪਲਾਈ ਅਫ਼ਸਰ |
| 5. | ਸਸਤੇ ਭਾਅ ਦੀ ਦੁਕਾਨ ਦੀ ਵਕੈਂਸੀ ਉਪਲੱਬਧ ਹੋਣ ਦੀ ਸੂਚਨਾ | ਜ਼ਿਲ੍ਹਾ ਖੁਰਾਕ ਤੇ ਸਪਲਾਈ ਕੰਟਰੋਲਰ ਦੇ ਦਫ਼ਤਰ ਵਿੱਚ |
| 6. | ਸਸਤੇ ਭਾਅ ਦੀ ਦੁਕਾਨ ਅਲਾਟ ਕਰਨ ਦੀ ਪ੍ਰਕਿਰਿਆ | ਡਿਪੂ ਦੀ ਵਕੈਂਸੀ ਉਪਲੱਬਧ ਹੋਣ ਤੇ ਅਖ਼ਬਾਰਾਂ ਵਿੱਚ ਵਿਗਿਆਪਨ ਦਿੱਤੇ ਜਾਂਦੇ ਹਨ ਅਤੇ ਪਿੰਡਾਂ ਵਿੱਚ ਲਾਊਡ ਸਪੀਕਰ/ਚੌਕੀਦਾਰਾਂ ਰਾਹੀਂ ਮੁਨਾਦੀ ਕਰਵਾ ਕੇ ਯੋਗ ਉਮੀਦਵਾਰਾਂ ਪਾਸੋਂ ਪ੍ਰਤੀ ਬੇਨਤੀ ਮੰਗੀ ਜਾਂਦੀ ਹੈ। ਪ੍ਰਾਪਤ ਦਰਖ਼ਾਸਤਾਂ ਦੀ ਛਾਣ-ਬੀਣ ਕਰਨ ਉਪਰੰਤ ਸਰਕਾਰ ਵਲੋਂ ਸਮੇਂ-ਸਮੇਂ ਸਿਰ ਸਰਕਾਰੀ ਨਿਯਮਾਂ/ਹਦਾਇਤਾਂ ਅਨੁਸਾਰ ਮੈਰਿਟ ਦੇ ਆਧਾਰ ਤੇ |

| | | |
|---|---|---|
| | | ਜ਼ਿਲ੍ਹਾ/ਸਬ ਡਵੀਜ਼ਨ ਪੱਧਰ ਤੇ ਕਮੇਟੀਆਂ ਰਾਹੀਂ ਅਲਾਟਮੈਂਟ ਕਰਨ ਉਪਰੰਤ ਲਾਇਸੈਂਸ ਜਾਰੀ ਕੀਤੇ ਜਾਂਦੇ ਹਨ। |
| 7. | ਕਿਹੜੀਆਂ ਹਾਲਤਾਂ ਵਿੱਚ ਅਲਾਟਮੈਂਟ ਰੱਦ ਕੀਤੀ ਜਾ ਸਕਦੀ ਹੈ। | ਸਰਕਾਰੀ ਹਦਾਇਤਾਂ/ਨਿਯਮਾਂ ਦੀਆਂ ਉਲੰਘਣਾ ਦੀਆਂ ਗੰਭੀਰ ਤਰੁੱਟੀਆਂ ਜਾ ਉਣਤਾਈਆਂ ਪਾਈਆਂ ਜਾਣ ਤੇ ਲਾਇਸੈਂਸ ਰੱਦ ਕੀਤਾ ਜਾ ਸਕਦਾ ਹੈ। |
| 8. | ਗ਼ਲਤ ਅਲਾਟਮੈਂਟ ਦੀ ਸ਼ਿਕਾਇਤ ਕਿੱਥੇ ਕੀਤੀ ਜਾਵੇ | ਡਾਇਰੈਕਟਰ, ਖ਼ੁਰਾਕ ਤੇ ਸਪਲਾਈ ਪੰਜਾਬ/ਸਕੱਤਰ, ਖ਼ੁਰਾਕ ਅਤੇ ਸਪਲਾਈ ਪੰਜਾਬ |

**ਲਾਇਸੈਂਸ ਕਾਰਜ**

ਖਪਤਕਾਰਾਂ ਦੀ ਇੱਟਾਂ ਦੀ ਜ਼ਰੂਰਤ ਨੂੰ ਪੂਰਾ ਕਰਨ ਲਈ ਜ਼ਿਲ੍ਹੇ ਵਿੱਚ 123 ਭੱਠੇ ਹਨ। ਭੱਠੇ ਦਾ ਲਾਇਸੈਂਸ ਲੈਣ ਵਾਸਤੇ ਇਸ ਜ਼ਿਲ੍ਹਾ ਦਫ਼ਤਰ ਨਾਲ ਸਿੱਧੇ ਤੌਰ ਤੇ ਸੰਪਰਕ ਕੀਤਾ ਜਾ ਸਕਦਾ ਹੈ।

**ਪੈਟਰੋਲ/ਡੀਜ਼ਲ**

ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਖਪਤਕਾਰਾਂ ਨੂੰ ਪੈਟਰੋਲ/ਡੀਜ਼ਲ ਸਪਲਾਈ ਕਰਨ ਲਈ 55 ਪੈਟਰੋਲ ਪੰਪਾਂ ਹਨ। ਪੈਟਰੋਲ ਦੀ ਮਿਲਾਵਟ ਨੂੰ ਰੋਕਣ ਲਈ ਵਿਭਾਗ ਦੇ ਅਫ਼ਸਰਾਂ ਵਲੋਂ ਸਮੇਂ-ਸਮੇਂ ਸਿਰ ਪੈਟਰੋਲ ਪੰਪਾਂ ਦੀ ਚੈਕਿੰਗ ਕੀਤੀ ਜਾਂਦੀ ਹੈ ਅਤੇ ਸਰਕਾਰੀ ਨੀਤੀ ਅਨੁਸਾਰ ਲੋੜ ਪੈਣ ਤੇ ਸੈਂਪਲ ਵੀ ਲਏ ਜਾਂਦੇ ਹਨ।

**ਘਰੇਲੂ ਗੈਸ**

ਜ਼ਿਲ੍ਹਾ ਹੁਸ਼ਿਆਰਪੁਰ ਵਿੱਚ 20 ਗੈਸ ਏਜੰਸੀਆਂ ਕੰਮ ਕਰ ਰਹੀਆਂ ਹਨ ਅਤੇ ਜ਼ਿਲ੍ਹੇ ਵਿੱਚ ਕੁੱਲ 1,94,433 ਗੈਸ ਕੁਨੈਕਸ਼ਨ ਹਨ, ਜਿਨ੍ਹਾਂ ਵਿੱਚੋਂ 1,58,813 ਡੀ.ਬੀ.ਸੀ. ਅਤੇ 35,620 ਐਸ.ਬੀ.ਸੀ. ਗੈਸ ਕੁਨੈਕਸ਼ਨ ਹਨ।

**ਮਿੱਟੀ ਦਾ ਤੇਲ**

ਜ਼ਿਲ੍ਹੇ ਭਰ ਵਿੱਚ ਹਰ ਮਹੀਨੇ 913.0 ਕਿਲੋਲੀਟਰ ਮਿੱਟੀ ਦਾ ਤੇਲ ਖਪਤਕਾਰਾਂ ਨੂੰ ਉਚਿਤ ਭਾਅ ਦੀਆਂ ਦੁਕਾਨਾਂ/ਲਾਇਸੰਸੀਆਂ ਰਾਹੀਂ ਸਪਲਾਈ ਕੀਤਾ ਜਾਂਦਾ ਹੈ। ਇਸ ਕੰਮ ਲਈ ਜ਼ਿਲ੍ਹੇ ਵਿੱਚ ਮਿੱਟੀ ਦੇ ਤੇਲ ਦੇ ਅੱਠ ਹੋਲਸੇਲ ਡੀਲਰ ਅਤੇ 74 ਰੀਟੇਲ ਡੀਲਰ ਹਨ।

**ਕਣਕ/ਪੈਡੀ ਦੀ ਖ਼ਰੀਦ**

ਕਣਕ/ਪੈਡੀ ਦੀ ਸਰਕਾਰੀ ਖ਼ਰੀਦ ਕਰਨ ਲਈ ਜ਼ਿਲ੍ਹੇ ਵਿੱਚ 73 ਮੰਡੀਆਂ ਵਿੱਚੋਂ 63/65 ਮੰਡੀਆਂ ਵਿੱਚ ਆਮਦ/ਖ਼ਰੀਦ ਹੋਈ ਹੈ। 2003-2004 ਦੌਰਾਨ ਜ਼ਿਲ੍ਹੇ ਵਿੱਚ ਕੁੱਲ 2,21,367 ਪੈਡੀ ਐਮ.ਟੀ. ਪੈਡੀ ਦੀ ਖ਼ਰੀਦ ਕੀਤੀ ਗਈ ਅਤੇ ਰੱਬੀ ਸੀਜ਼ਨ 2003-2004 ਦੌਰਾਨ ਕੁੱਲ 1,93,678.00 ਐਮ.ਟੀ. ਕਣਕ ਦੀ ਖ਼ਰੀਦ ਕੀਤੀ ਗਈ।

**ਖਪਤਕਾਰਾਂ ਵਿੱਚ ਜਾਗਰੂਕਤਾ ਪੈਦਾ ਕਰਨ ਹਿੱਤ ਵਿਭਾਗ ਵਲੋਂ ਉਪਰਾਲੇ**

ਖਪਤਕਾਰਾਂ ਦੇ ਹਿੱਤਾਂ ਦੀ ਰਖਵਾਲੀ ਲਈ ਮਹਿਕਮੇ ਵਲੋਂ ਜ਼ਿਲ੍ਹਾ ਖਪਤਕਾਰ ਝਗੜਾ ਨਿਵਾਰਨ ਫੋਰਮ ਦੇ ਸਹਿਯੋਗ ਨਾਲ ਹਰ ਸਾਲ 15 ਮਾਰਚ ਅਤੇ 24 ਦਸੰਬਰ ਨੂੰ ਇੱਕ ਖਪਤਕਾਰ ਸਪਤਾਹ ਜ਼ਿਲ੍ਹਾ/ਤਹਿਸੀਲ/ਬਲਾਕ ਪੱਧਰ ਤੇ ਮਨਾਏ ਜਾਂਦੇ ਹਨ, ਜਿਨ੍ਹਾਂ ਵਿੱਚ ਖਪਤਕਾਰਾਂ ਦੇ ਹੱਕਾਂ ਦੀ ਰਖਵਾਲੀ ਲਈ ਸੈਮੀਨਾਰ ਕੀਤੇ ਜਾਂਦੇ ਹਨ ਅਤੇ ਖਪਤਕਾਰਾਂ ਨੂੰ ਉਹਨਾਂ ਦੇ ਸੰਵਿਧਾਨਿਕ ਹੱਕ ਦਰਸਾਉਂਦਾ ਹੋਇਆ ਲਿਟਰੇਚਰ ਵੀ ਵੰਡਿਆ ਜਾਂਦਾ ਹੈ।